1

## ਪੰਜਾਬ ਸਕੂਲ ਸਿੱਖਿਆ ਬੋਰਡ

### ਸਾਲ/ਸੈਸ਼ਨ 2019-20 ਲਈ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਰੈਗੂਲਰ ਦਾਖਲੇ ਸੰਬੰਧੀ ਯੋਗਤਾਵਾਂ ਅਤੇ ਸ਼ਰਤਾਂ

**ਭਾਗ-ੳ (ਨੌਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ)**

1) ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।

2) ਨੌਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ ਐਫੀਲਿਏਟਡ/ ਏਡਿਡ/ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ। ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

3) ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ/ ਪ੍ਰਵਾਨਿਤ ਗੁਰੱਪ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ।

4) ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ। ਸ਼ੈਸ਼ਨ ਦੌਰਾਨ ਨੌਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿੱਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

5) **ਹੋਰ ਰਾਜ/ਬੋਰਡ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ।**

(ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਿਛਲੀ ਸ਼੍ਰੇਣੀ ਪਾਸ ਕਰਨ ਦੇ ਸਰਟੀਫਿਕੇਟ/ਨਤੀਜਾ ਕਾਰਡ (ਡੀ.ਐਮ. ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾ ਕੇ ਲਈ ਜਾਵੇ ਅਤੇ ਟਰਾਂਸਫਰ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ/ਜਿਲ੍ਹਾ ਸਿੱਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕਰਵਾਇਆ ਜਾਣਾ ਲਾਜ਼ਮੀ ਹੈ।

(ਅ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

- ਦਾਖਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਬੋਰਡਾਂ ਦਾ ਨਾਮ ਬੋਰਡ ਦੀ website www.pseb.ac.in ਤੇ ਉਪਲੱਬਧ COBSE ਅਤੇ MHRD ਬੋਰਡ ਮੈਂਬਰਾਂ ਦੀ ਸੂਚੀ ਵਿੱਚ ਦਰਜ਼ ਹੈ।

- COBSE ਅਤੇ MHRD ਦੇ ਮੈਂਬਰ ਬੋਰਡਜ਼ ਅਧੀਨ ਪਾਸ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਪ੍ਰਾਪਤ ਕਰਨਾ ਲੋੜੀਂਦਾ ਨਹੀਂ ਹੈ।

- ਸਕੂਲ ਮੁਖੀਆਂ ਵੱਲੋਂ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਇਲਾਵਾ ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਉਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ।

ਭਾਗ-ਅ (ਦਸਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ)

1. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।

2. ਦਸਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਨੌਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫੀਲਿਏਟਡ/ ਏਡਿਡ/ ਐਸੋਸੀਏਟਿਡ ਸਕੂਲ ਤੋਂ ਪਾਸ ਕੀਤਾ ਹੋਵੇ। ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

3 ਚਾਲੂ ਸੈਸ਼ਨ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਜਿਨ੍ਹਾਂ ਵਿਦਿਆਰਥੀਆਂ ਨੇ ਨੌਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਸਰਕਾਰੀ/ ਐਫੀਲਿਏਟਡ/ਏਡਿਡ/ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।

4 ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਦਸਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ ਫੇਲ੍ਹ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।

5 ਜੇ ਕੋਈ ਰੈਗੂਲਰ ਉਮੀਦਵਾਰ ਦਸਵੀਂ ਸ਼੍ਰੇਣੀ ਸਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਦਸਵੀਂ ਸ਼੍ਰੇਣੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਪੂਰਬਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ।

6 ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ/ ਪ੍ਰਵਾਨਿਤ ਗੁਰੱਪ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ।

7 ਬੋਰਡ ਵਲੋਂ ਜਾਰੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ। ਸੈਸ਼ਨ ਦੌਰਾਨ ਦਸਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿੱਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ

8 **ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ: -**

(ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਿਛਲੀ ਸ਼੍ਰੇਣੀ ਪਾਸ ਕਰਨ ਦੇ ਸਰਟੀਫਿਕੇਟ/ਨਤੀਜਾ ਕਾਰਡ (ਡੀ.ਐਮ. ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾ ਕੇ ਲਈ ਜਾਵੇ ਅਤੇ ਟ੍ਰਾਂਸਫਰ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ/ਜਿਲ੍ਹਾ ਸਿੱਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕਰਵਾਇਆ ਜਾਣਾ ਲਾਜ਼ਮੀ ਹੈ।

(ਅ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਸੰਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

- ਦਾਖਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਬੋਰਡਾਂ ਦਾ ਨਾਮ ਬੋਰਡ ਦੀ website www.pseb.ac.in ਤੇ ਉਪਲੱਬਧ COBSE ਅਤੇ MHRD ਬੋਰਡ ਮੈਂਬਰ ਦੀ ਸੂਚੀ ਵਿੱਚ ਦਰਜ਼ ਹੈ।

- COBSE ਅਤੇ MHRD ਦੇ ਮੈਂਬਰ ਬੋਰਡਜ਼ ਅਧੀਨ ਪਾਸ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਪ੍ਰਾਪਤ ਕਰਨਾ ਲੋੜੀਂਦਾ ਨਹੀਂ ਹੈ।

- ਸਕੂਲ ਮੁਖੀਆਂ ਵੱਲੋਂ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਇਲਾਵਾ ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐੱਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਊਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ।

ਨੋਟ : ਸਾਲ/ਸੈਸ਼ਨ 2019-20 ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਦੀ ਆਨ ਲਾਈਨ ਐਂਟਰੀ ਮਈ ਮਹੀਨੇ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬ ਸਾਈਟ www.pseb.ac.in ਅਤੇ school login ਤੇ ਉਪਲੱਬਧ ਹਨ।

26/3/19

ਡਾਇਰੈਕਟਰ (ਅਕਾਦਮਿਕ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

22/3/19

# ਪੰਜਾਬ ਸਕੂਲ ਸਿੱਖਿਆ ਬੋਰਡ

## ਸਾਲ/ਸੈਸ਼ਨ 2019-20 ਲਈ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਰੈਗੂਲਰ ਦਾਖਲੇ ਸੰਬੰਧੀ ਯੋਗਤਾਵਾਂ ਅਤੇ ਸ਼ਰਤਾਂ

### ਭਾਗ-ੳ (ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ)

**ਨੋਟ : - ਦਾਖਲੇ ਸਬੰਧੀ ਦਸਵੀਂ ਦਾ ਨਤੀਜਾ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖਲਾ ਸ਼ਡਿਊਲ ਅਨੁਸਾਰ ਆਰਜ਼ੀ ਤੌਰ ਤੇ ਦਾਖਲੇ ਕੀਤੇ ਜਾਣ।**

1 ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ COBSE ਅਤੇ MHRD ਮੈਂਬਰਾਂ ਦੀ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਗਿਆਰ੍ਹਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾਉਣੇ ਜ਼ਰੂਰੀ ਹਨ।

2 ਜਿਸ ਵਿਦਿਆਰਥੀ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਪਰੀਖਿਆ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡਾਂ ਤੋਂ (ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ COBSE ਅਤੇ MHRD ਮੈਂਬਰਜ਼ ਬੋਰਡਾਂ ਦੀ ਸੂਚੀ ਅਧੀਨ) ਇਸ ਦੇ ਬਰਾਬਰ ਦੀ ਪਰੀਖਿਆ ਪਾਸ ਕੀਤੀ ਹੋਵੇ।

3 ਜਿਨ੍ਹਾਂ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਵੱਲੋਂ ਲਈ ਗਈ ਦਸਵੀਂ ਸ਼੍ਰੇਣੀ ਦੀ ਰੈਗੂਲਰ ਪਰੀਖਿਆ ਵਿੱਚ ਰੀਅਪੀਅਰ ਆਈ ਹੋਵੇ, ਉਹ ਵਿਦਿਆਰਥੀ ਗਿਆਰ੍ਹਵੀਂ ਸ਼੍ਰੇਣੀ ਵਿੱਚ ਆਰਜੀ ਦਾਖਲੇ ਦੇ ਯੋਗ ਹੋਣਗੇ।

4 ਕੋਈ ਉਮੀਦਵਾਰ, ਜਿਸ ਦਾ ਮੈਟ੍ਰਿਕੁਲੇਸ਼ਨ ਨਤੀਜਾ ਬੋਰਡ ਵਲੋਂ ਲੇਟ ਐਲਾਨ ਕੀਤਾ ਗਿਆ, ਉਹ ਆਪਣੇ ਨਤੀਜੇ ਦਾ ਐਲਾਨ ਕੀਤੇ ਜਾਣ ਪਿੱਛੋਂ 15 ਦਿਨਾਂ ਦੇ ਅੰਦਰ, ਲੇਟ ਫ਼ੀਸ ਤੋਂ ਬਿਨਾਂ ਦਾਖਲਾ ਲੈ ਸਕੇਗਾ ਅਤੇ ਉਸ ਉਮੀਦਵਾਰ ਦੀਆਂ ਹਾਜ਼ਰੀਆਂ ਉਸ ਦੇ ਸੰਸਥਾ ਵਿੱਚ ਦਾਖਲ ਹੋਣ ਦੀ ਤਰੀਕ ਤੋਂ ਗਿਣੀਆਂ ਜਾਣਗੀਆਂ।

5 ਕਿਸੇ ਵੀ ਬੋਰਡ/ਸਮੂਹ ਨੈਸ਼ਨਲ ਓਪਨ ਸਕੂਲ, ਜਿਸ ਦੀ ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਦੇ ਬਰਾਬਰ ਮੰਨੀ ਜਾਂਦੀ ਹੋਵੇ, ਕੰਪਾਰਮੈਂਟ/ ਰੀ-ਅਪੀਅਰ ਦੇ ਵਿਦਿਆਰਥੀ ਰਾਜ ਦੇ ਸਰਕਾਰੀ/ ਏਡਿਡ/ਐਸੋਸੀਏਟਿਡ/ਐਫ਼ੀਲਿਏਟਿਡ ਸਕੂਲਾਂ ਵਿੱਚ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀ ਵੱਜੋਂ ਦਾਖਲਾ ਲੈਣ ਦੇ ਯੋਗ ਹੋਣਗੇ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਅਨੁਸਾਰ ਮੈਟ੍ਰਿਕ ਪ੍ਰੀਖਿਆ ਪਿਛਲੇ ਦੋ ਮੌਕਿਆਂ ਵਿੱਚ ਪਾਸ ਕਰ ਲੈਂਦੇ ਹਨ।

6. ਬੋਰਡ ਵੱਲੋਂ ਪ੍ਰਵਾਨਿਤ ਸੀਟਾਂ/ਪ੍ਰਵਾਨਿਤ ਗੁੱਰਪ ਅਨੁਸਾਰ ਹੀ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾਵੇ।

7. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਤੋਂ ਬਾਅਦ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕਿਸੇ ਵੀ ਵਿਦਿਆਰਥੀ ਨੂੰ ਦਾਖਲਾ ਨਾ ਦਿੱਤਾ ਜਾਵੇ।

8 **ਗਰੁੱਪ ਬਦਲਣ ਸਬੰਧੀ ਨਿਯਮ :-**

ਸੰਸਥਾ ਦਾ ਮੁੱਖੀ ਦਾਖ਼ਲੇ ਦੀ ਤਰੀਕ ਤੋਂ ਪਿੱਛੋਂ ਇੱਕ ਮਹੀਨੇ ਦੇ ਅੰਦਰ ਵਿਸ਼ੇ/ਗਰੁੱਪ ਵਿੱਚ ਬਦਲੀ ਦੀ ਇਜਾਜ਼ਤ ਦੇ ਸਕੇਗਾ।

5

ਭਾਗ-ਅ (ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ)

1 ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ COBSE ਅਤੇ MHRD ਮੈਂਬਰਾਂ ਦੀ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਬਾਰ੍ਹਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾਉਣੇ ਜ਼ਰੂਰੀ ਹਨ।

2 ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ/ਸਰਕਾਰੀ/ਏਡਿਡ/ ਐਸੋਸੀਏਟਿਡ ਸਕੂਲ ਤੋਂ ਗਿਆਰ੍ਹਵੀਂ ਸ਼੍ਰੇਣੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਪਾਸ ਕੀਤੀ ਹੋਵੇ।

3 ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ ਫੇਲ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

5 ਜੇ ਕੋਈ ਰੈਗੂਲਰ ਉਮੀਦਵਾਰ ਬਾਰ੍ਹਵੀਂ ਸ਼੍ਰੇਣੀ ਸਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਪੂਰਬਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ- ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ।

5 ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਤੋਂ ਬਾਅਦ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕਿਸੇ ਵਿਦਿਆਰਥੀ ਨੂੰ ਦਾਖਲਾ ਨਾ ਦਿੱਤਾ ਜਾਵੇ।

6 ਬੋਰਡ ਵੱਲੋਂ ਪ੍ਰਵਾਨਿਤ ਸੀਟਾਂ/ਪ੍ਰਵਾਨਿਤ ਗਰੁੱਪ ਅਨੁਸਾਰ ਹੀ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾਵੇ।

7 ਚਾਲੂ ਸ਼ੈਸ਼ਨ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਜਿਨ੍ਹਾਂ ਵਿਦਿਆਰਥੀਆਂ ਨੇ ਗਿਆਰਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਸਰਕਾਰੀ/ਏਡਿਡ/ਐਫੀਲੀਏਟਿਡ/ ਐਸੋਸੀਏਟਿਡ ਸਕੂਲਾਂ ਤੋਂ ਪਾਸ ਕੀਤੀ ਹੋਵੇ, ਉਹ ਪਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

8 ਪੁਰਾਣੇ ਸਿਸਟਮ ਅਧੀਨ ਪਾਸ ਕੀਤੀ ਹਾਇਰ ਸੈਕੰਡਰੀ (XI) ਹੁਣ ਦੇ ਸਿਸਟਮ ਦੀ ਗਿਆਰ੍ਹਵੀਂ ਸ਼੍ਰੇਣੀ ਦੇ ਬਰਾਬਰ ਹੈ, ਪ੍ਰੰਤੂ ਹਾਇਰ ਸੈਕੰਡਰੀ (XI) ਪਾਸ ਵਿਦਿਆਰਥੀਆਂ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਅਧੀਨ ਬਾਰ੍ਹਵੀਂ ਸ਼੍ਰੇਣੀ ਪਾਸ ਕਰਨ ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੋਵੇਂ ਸ਼੍ਰੇਣੀਆਂ ਪਾਸ ਕਰਨੀਆਂ ਲਾਜ਼ਮੀ ਹੋਣਗੀਆਂ ਕਿਉਂਕਿ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਇੱਕ integrated ਕੋਰਸ ਹੈ, ਹਾਇਰ ਸੈਕੰਡਰੀ ਪਾਸ ਕਰਨ ਉਪਰੰਤ ਹੁਣ ਸਿੱਧਾ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।

9 **ਗਰੁੱਪ ਬਦਲਣ ਸਬੰਧੀ ਨਿਯਮ :-**

(ੳ) XI ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਉਸ ਹੀ ਗਰੁੱਪ ਦੇ ਅੰਦਰ ਵਿਸ਼ੇ ਬਦਲ ਸਕੇਗਾ।

6

(ਅ) XI ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਵਿਗਿਆਨ (science)/ ਜ਼ਰਾਇਤ (Agriculture)/ਤਕਨੀਕੀ (Technical)/ ਵਣਜਕ (Commerece)/ ਕਿੱਤਾ ਧਾਰਾ (Vocational Stream) ਵਿੱਚ ਸਭ ਗਰੁੱਪਾਂ ਤੋਂ ਬਦਲ ਕੇ ਮਾਨਵੀ ਵਿਸ਼ਾ (Humanities) ਗਰੁੱਪ ਲੈ ਸਕੇਗਾ।

(ੲ) XI ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਕੇਵਲ ਸੁਸੰਗਤ ਗਰੁੱਪਾਂ ਵਿੱਚ ਅਕਾਦਮਿਕ ਧਾਰਾ (Academic Stream) ਤੋਂ ਬਦਲ ਕੇ ਕਿੱਤਾ ਧਾਰਾ (Vocational Stream) ਲੈ ਸਕੇਗਾ ਭਾਵ :

- ਮਾਨਵੀ ਵਿਸ਼ਿਆਂ (Humanities) ਵਿੱਚ ਗ੍ਰਹਿ-ਵਿਗਿਆਨ (Home Science) ਵਿਸ਼ੇ ਤੋਂ ਕਿੱਤਾ ਧਾਰਾ (Vocational Stream) ਵਿੱਚ ਗ੍ਰਹਿ-ਵਿਗਿਆਨ ਗਰੁੱਪ (Home Science)
- ਜ਼ਰਾਇਤ ਗਰੁੱਪ (Agriculture Group) ਤੋਂ ਕਿੱਤਾ ਧਾਰਾ (Vocational Stream) ਵਿੱਚ ਜ਼ਰਾਇਤ ਗਰੁੱਪ (Agriculture Group)
- ਵਣਜ ਗਰੁੱਪ (Commerce Group) ਤੋਂ ਕਿੱਤਾ ਧਾਰਾ (Vocational Stream) ਵਿੱਚ ਵਣਜ ਗਰੁੱਪ (Commerce Group)
- ਵਿਗਿਆਨ ਗਰੁੱਪ (Science Group) ਤੋਂ ਕਿੱਤਾ ਧਾਰਾ (Vocational Stream) ਵਿੱਚ ਇੰਜੀਨੀਅਰਿੰਗ ਗਰੁੱਪ।

(ਸ) ਬਾਰ੍ਹਵੀਂ ਸ਼੍ਰੇਣੀ ਲਈ ਬੋਰਡ ਨੂੰ ਆਨ-ਲਾਈਨ ਭੇਜੇ ਜਾਣ ਵਾਲੇ ਡਾਟੇ ਦੀ ਆਖ਼ਰੀ ਮਿਤੀ (Final Submission) ਤੱਕ ਹੀ ਵਿਸ਼ਾ/ ਗਰੁੱਪ ਦੀ ਬਦਲੀ ਉਪਰੋਕਤ ਨੁਕਤਾ ਨੰ: ਅ ਅਤੇ ੲ ਦੀ ਲੋਅ ਵਿੱਚ ਸਕੂਲ ਪੱਧਰ ਤੇ ਕੀਤੀ ਜਾ ਸਕਦੀ ਹੈ। ਇਸ ਉਪਰੰਤ ਕਿਸੇ ਵੀ ਸੂਰਤ ਵਿੱਚ ਵਿਸ਼ਾ/ਗਰੁੱਪ ਦੀ ਬਦਲੀ ਨਹੀਂ ਕੀਤੀ ਜਾ ਸਕੇਗੀ।

**ਭਾਗ-ੲ (ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ।)**

(ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਿਛਲੀ ਸ਼੍ਰੇਣੀ ਪਾਸ ਕਰਨ ਦਾ ਸਰਟੀਫਿਕੇਟ/ ਨਤੀਜਾ ਕਾਰਡ (ਡੀ. ਐਮ. ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾ ਕੇ ਲਈ ਜਾਵੇ ਅਤੇ ਟਰਾਂਸਫਰ ਸਰਟੀਫਿਕੇਟ ਸਬੰਧਤ ਬੋਰਡ ਦੇ ਸਮੱਰਥ ਅਧਿਕਾਰੀ/ਜਿਲ੍ਹਾ ਸਿੱਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕਰਵਾਇਆ ਜਾਣਾ ਲਾਜ਼ਮੀ ਹੈ।

(ਅ) ਵਿੱਦਿਅਕ ਸੈਸ਼ਨ ਦਰਮਿਆਨ ਜਾਂ ਪਿਛਲੀ ਪ੍ਰੀਖਿਆ ਪਾਸ ਕਰਨ ਉਪਰੰਤ ਲੋੜੀਂਦਾ ਮਾਈਗਰੇਸ਼ਨ ਲਈ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

- ਸਕੂਲ ਮੁਖੀਆਂ ਵੱਲੋਂ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਇਲਾਵਾ (COBSE ਅਤੇ MHRD ਦੇ ਮੈਂਬਰ ਬੋਰਡਜ਼ ਦੇ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਲੈਣ ਦੀ ਜ਼ਰੂਰਤ ਨਹੀਂ ਹੈ।) ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐੱਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਉਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ।

22/3/14

7

ਦਾਖ਼ਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦਾ ਨਾਂ ਬੋਰਡ ਦੀ ਵੈਬਸਾਈਟ ਤੇ ਉਪਲੱਬਧ COBSE ਅਤੇ MHRD ਮੈਂਬਰਾਂ ਦੀ ਸੂਚੀ ਵਿੱਚ ਦਰਜ ਹੈ।

- ਉਹ ਵਿਦਿਆਰਥੀਆਂ ਜਿਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ਼ ਤੋਂ ਕੀਤੀ ਹੋਵੇ ਅਤੇ ਅਗਲੇਰੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਨਾ ਚਾਹੁੰਦੇ ਹੋਣ, ਜਾਂ +2 ਪਰੀਖਿਆ ਪਾਸ ਕਰਨ ਉਪਰੰਤ ਦੂਜੀਆਂ ਸੰਸਥਾਵਾਂ ਦੇ ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਲੈਣਾ ਚਾਹੁੰਦੇ ਹੋਣ। ਇਹਨਾਂ ਵਿਦਿਆਰਥੀਆਂ ਨੂੰ AIU ਤੋਂ ਪ੍ਰਾਪਤ ਸਮਾਨਤਾ ਪੱਤਰ ਮੁਹੱਈਆ ਕਰਵਾਉਣ ਉਪਰੰਤ ਹੀ ਬੋਰਡ ਵੱਲੋਂ ਸਮਾਨਤਾ ਪੱਤਰ ਜਾਰੀ ਕੀਤਾ ਜਾਏਗਾ।

- ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟਰੇਨਿੰਗ ਤੋਂ ਪਾਸ ਤਿੰਨ ਸਾਲਾ ਡਿਪਲੋਮਿਆਂ ਅਤੇ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (SLIET) ਤੋਂ ਪਾਸ 2 ਸਾਲ ਸਰਟੀਫਿਕੇਟ ਕੋਰਸ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ +2 ਪਰੀਖਿਆ ਦੇ ਬਰਾਬਰ ਸਮਾਨਤਾ ਦਿੱਤੀ ਜਾਂਦੀ ਹੈ।

ਭਾਗ -ਸ

(ੳ) ਸੈਸ਼ਨ ਦੌਰਾਨ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਕੋਈ ਵਿਦਿਆਰਥੀ ਸਕੂਲ ਮਾਈਗਰੇਟ ਕਰਨ ਦਾ ਚਾਹਵਾਨ ਹੋਵੇ ਤਾਂ, ਦੋਵੇਂ ਸਕੂਲ ਮੁੱਖੀਆਂ ਦੀ ਸਿਫਾਰਸ਼ਾਂ ਸਹਿਤ ਉਹ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇਗਾ, ਜੇਕਰ ਉਸਦੇ ਸਕੂਲ ਲੀਵਿੰਗ ਸਰਟੀਫਿਕੇਟ ਤੇ ਰਜਿਸਟਰੇਸ਼ਨ ਨੰਬਰ ਦਰਜ ਹੈ, ਤਾਂ ਉਹ ਆਰੰਭਕ ਸਟੇਜ ਤੇ (ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ) ਕਿਸੇ ਵੀ ਸਕੂਲ ਵਿੱਚ ਦਾਖਲੇ ਲਈ ਯੋਗ ਹੈ।

**ਨੋਟ : ਸਾਲ/ਸੈਸ਼ਨ 2019-20 ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਦੀ ਆਨ ਲਾਈਨ ਐਂਟਰੀ ਮਈ ਮਹੀਨੇ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ । ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬ ਸਾਈਟ www.pseb.ac.in/registrationsection/ academic section ਅਤੇ school login ਤੇ ਉਪਲੱਬਧ ਹਨ।**

26/3/19.

ਡਾਇਰੈਕਟਰ (ਅਕਾਦਮਿਕ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

22/3/19